## ਪੰਜਾਬ ਸਕੂਲ ਸਿੱਖਿਆ ਬੋਰਡ

### ਹੁਕਮ

ਲੇਖਾ ਸ਼ਾਖਾ ਦੇ ਅਧਿਕਾਰੀਆਂ ਵੱਲੋਂ ਧਿਆਨ ਵਿੱਚ ਲਿਆਂਦਾ ਗਿਆ ਕਿ ਸ਼੍ਰੀਮਤੀ ਜਸਪਾਲ ਕੌਰ ਪੁੱਤਰੀ ਸ਼੍ਰੀ ਹਰਨੇਕ ਸਿੰਘ, ਕਲਰਕ, ਲੇਖਾ ਸ਼ਾਖਾ ਮਿਤੀ:26-03-2018 ਤੋਂ ਲਗਾਤਾਰ ਗੈਰਹਾਜ਼ਰ ਚਲ ਰਹੀ ਹੈ। ਇਸ ਲਈ ਦਫਤਰੀ ਪੱਤਰ ਨੰ:ਪਸਸਬ/ਲੇਖਾ-9/2018/ਸ.ਸ (ਲੇਖਾ)/658 ਮਿਤੀ:03-05-2018 ਰਾਹੀਂ ਉਸ ਨੂੰ ਇੱਕ ਹਫਤੇ ਦੇ ਅੰਦਰ-ਅੰਦਰ ਦਫਤਰ ਹਾਜ਼ਰ ਹੋ ਕੇ ਗੈਰਹਾਜ਼ਰੀ ਸਬੰਧੀ ਸਪੱਸ਼ਟੀਕਰਨ ਦੇਣ ਲਈ ਲਿਖਿਆ ਗਿਆ। ਇਹ ਪੱਤਰ ਦਫਤਰ ਵਿੱਚ ਮੌਜੂਦ ਉਸ ਦੇ ਘਰ ਦੇ ਪਤੇ (ਮਕਾਨ ਨੰ:1142, ਪਿੰਡ ਖਾਨਪੁਰ, ਖਰੜ, ਸਾਹਿਬਜ਼ਾਦਾ ਅਜੀਤ ਸਿੰਘ ਨਗਰ) ਤੇ ਰਜਿਸਟਰਡ ਡਾਕ ਰਾਹੀਂ ਭੇਜਿਆ ਗਿਆ, ਜੋਕਿ ਲੇਖਾ ਸ਼ਾਖਾ ਦੀ ਰਿਪੋਰਟ ਅਨੁਸਾਰ " ਇਸ ਦਾ ਕੋਈ ਪਤਾ ਨਹੀਂ ਲੱਗ ਰਿਹਾ " ਨਾਲ ਅਣਵੰਡਿਆ ਦਫਤਰ ਵਿੱਚ ਪ੍ਰਾਪਤ ਪ੍ਰਾਪਤ ਹੋਇਆ। ਇਸ ਲਈ ਸਬੰਧਤ ਕਰਮਚਾਰਣ ਨੂੰ ਪਹਿਲਾ ਲਿੱਖੇ ਦਫਤਰੀ ਪੱਤਰ ਦਾ ਹਵਾਲਾ ਦਿੰਦੇ ਹੋਏ ਮੁੜ ਦਫਤਰੀ ਪੱਤਰ, ਨੰ:ਪਸਸਬ/ਲੇਖਾ-9/2018/ਸ.ਸ (ਲੇਖਾ)/845 ਮਿਤੀ:31-05-2018 ਰਾਹੀਂ ਇੱਕ ਹਫਤੇ ਦੇ ਅੰਦਰ-ਅੰਦਰ ਦਫਤਰ ਹਾਜ਼ਰ ਹੋ ਕੇ ਗੈਰਹਾਜ਼ਰੀ ਸਬੰਧੀ ਸਪੱਸ਼ਟੀਕਰਨ ਦੇਣ ਲਈ ਲਿਖਿਆ ਗਿਆ। ਇਹ ਰਜਿਸਟਰਡ ਪੱਤਰ ਵੀ ਦਫਤਰ ਵਿੱਚ ਮੌਜੂਦ ਉਸ ਦੇ ਘਰ ਦੇ ਪਤੇ ਤੇ ਭੇਜਿਆ ਗਿਆ, ਜੋ ਅਣ-ਵੰਡਿਆ ਵਾਪਸ ਪ੍ਰਾਪਤ ਨਹੀਂ ਹੋਇਆ ਅਤੇ ਨਾ ਹੀ ਸਬੰਧਤ ਕਰਮਚਾਰਣ ਵੱਲੋਂ ਕੋਈ ਉੱਤਰ ਪੇਸ਼ ਕੀਤਾ ਗਿਆ। ਇਨ੍ਹਾਂ ਦਫਤਰੀ ਪੱਤਰਾਂ ਵਿੱਚ ਇਹ ਵੀ ਦਰਜ਼ ਕੀਤਾ ਗਿਆ ਸੀ ਕਿ ਦਫ਼ਤਰ ਹਾਜ਼ਰ ਹੋ ਕੇ ਸਪੱਸ਼ਟੀਕਰਨ ਨਾ ਪੇਸ਼ ਕਰਨ ਦੀ ਸੂਰਤ ਵਿੱਚ ਉਸ ਵਿਰੁੱਧ ਨਿਯਮਾਂ ਅਨੁਸਾਰ ਕਾਰਵਾਈ ਆਰੰਭ ਕਰ ਦਿੱਤੀ ਜਾਵੇਗੀ, ਜਿਸ ਲਈ ਉਹ ਨਿੱਜੀ ਤੌਰ ਤੇ ਜਿੰਮੇਵਾਰ ਹੋਵੇਗੀ। ਇਸ ਉਪਰੰਤ ਦਫਤਰੀ ਪੱਤਰ ਨੰ:ਪਸਸਬ-6ਅਸ-ਅਮਲਾ-2018/2109 ਮਿਤੀ:19-06-2018 ਰਾਹੀਂ ਸ਼੍ਰੀਮਤੀ ਜਸਪਾਲ ਕੌਰ, ਕਲਰਕ, ਲੇਖਾ ਸ਼ਾਖਾ ਨੂੰ ਇੱਕ ਹਫਤੇ ਦੇ ਅੰਦਰ-ਅੰਦਰ ਗੈਰਹਾਜ਼ਰੀ ਸਬੰਧੀ ਸਪੱਸ਼ਟੀਕਰਨ ਦੇਣ ਲਈ ਲਿਖਿਆ ਗਿਆ। ਇਹ ਪੱਤਰ ਦਫਤਰ ਵਿੱਚ ਮੌਜੂਦ ਉਸ ਦੇ ਘਰ ਦੇ ਪਤੇ ਤੇ ਰਜਿਸਟਰਡ ਡਾਕ ਰਾਹੀਂ ਭੇਜਿਆ ਗਿਆ ਜੋਕਿ ਡਾਕ ਵਿਭਾਗ ਦੀ ਟਿੱਪਣੀ "Locked" ਸਮੇਤ ਅਣਵੰਡਿਆ ਦਫਤਰ ਵਿੱਚ ਪ੍ਰਾਪਤ ਹੋਇਆ।

ਸ਼੍ਰੀਮਤੀ ਜਸਪਾਲ ਕੌਰ ਪੁੱਤਰੀ ਸ਼੍ਰੀ ਹਰਨੇਕ ਸਿੰਘ, ਕਲਰਕ, ਲੇਖਾ ਸ਼ਾਖਾ ਵਿਰੁੱਧ ਦਫਤਰੀ ਮੀਮੋ ਨੰ:(884)ਪਸਸਬ-ਅ.ਕ.ਸੈੱਲ-ਅਮਲਾ-2017/3241 ਮਿਤੀ:16-10-2018 ਰਾਹੀਂ ਦੋਸ਼ ਸੂਚੀ ਜਾਰੀ ਕੀਤੀ ਗਈ। ਦੋਸ਼ ਸੂਚੀ ਦਾ ਨਿਰਧਾਰਤ ਸਮੇਂ ਅੰਦਰ ਕੋਈ ਉੱਤਰ ਪ੍ਰਾਪਤ ਨਾ ਹੋਣ ਕਾਰਨ ਦਫਤਰੀ ਪੱਤਰ ਨੰ:(884)ਪਸਸਬ-ਅ.ਕ.ਸੈੱਲ-ਅਮਲਾ-2018/3432 ਮਿਤੀ:02-11-2018 ਰਾਹੀਂ ਸਬੰਧਤ ਨੂੰ ਯਾਦ ਪੱਤਰ ਜਾਰੀ ਕੀਤਾ ਗਿਆ। ਸਬੰਧਤ ਵਿਰੁੱਧ ਜਾਰੀ ਕੀਤੀ ਗਈ ਦੋਸ਼ ਸੂਚੀ ਦਫਤਰ ਵਿੱਚ ਮੌਜੂਦ ਉਸ ਦੇ ਘਰ ਦੇ ਪਤੇ ਤੇ ਰਜਿਸਟਰਡ ਡਾਕ ਰਾਹੀਂ ਭੇਜੀ ਗਈ ਸੀ, ਜੋਕਿ ਡਾਕ ਵਿਭਾਗ ਦੀ ਟਿੱਪਣੀ address out of country ਨਾਲ ਦਫਤਰ ਵਿੱਚ ਪ੍ਰਾਪਤ ਹੋਈ।

ਇਸ ਲਈ ਦੋਸ਼ ਸੂਚੀ ਵਿੱਚ ਲਗਾਏ ਦੋਸ਼ਾਂ ਦੀ ਵਿਭਾਗੀ ਪੜਤਾਲ ਦਫਤਰੀ ਹੁਕਮ ਨੰ:(884)-ਪਸਸਬ-ਅ.ਕ.ਸੈਲ-ਅਮਲਾ-2018/3688 ਮਿਤੀ:06-12-2018 ਰਾਹੀਂ ਸ੍ਰੀ ਪ੍ਰੀਤਮ ਸਿੰਘ ਭੁਪਾਲ, ਰਿਟਾਇਰਡ ਡੀ.ਪੀ.ਆਈ (ਪੜਤਾਲ ਅਫਸਰ) ਕੋਲੋਂ ਕਰਵਾਈ ਗਈ। ਪੜਤਾਲ ਅਫਸਰ ਵੱਲੋਂ ਪੇਸ਼ ਕੀਤੀ ਪੜਤਾਲ ਰਿਪੋਰਟ ਅਨੁਸਾਰ ਪੜਤਾਲ ਦੌਰਾਨ ਵੀ ਸ਼੍ਰੀਮਤੀ ਜਸਪਾਲ ਕੌਰ, ਕਲਰਕ ਨੂੰ ਆਪਣਾ ਪੱਖ ਪੇਸ਼ ਕਰਨ ਲਈ ਹਰ ਸੰਭਵ ਮੌਕਾ ਦਿੱਤਾ ਗਿਆ ਪ੍ਰੰਤੂ ਸਬੰਧਤ ਕਰਮਚਾਰਣ ਪੜਤਾਲ ਵਿੱਚ ਹਾਜ਼ਰ ਨਹੀਂ ਹੋਏ। ਇਸ ਲਈ ਪੜਤਾਲ ਅਫਸਰ ਵੱਲੋਂ ਇੱਕ ਤਰਫਾ ਕਾਰਵਾਈ ਕਰਦੇ ਹੋਏ ਦੋਸ਼ ਸੂਚੀ ਅਨੁਸਾਰ ਲਗਾਏ ਗਏ ਸਮੂਹ ਦੋਸ਼ਾਂ ਨੂੰ ਸਿੱਧ ਕੀਤਾ ਗਿਆ।

ਵਿਭਾਗੀ ਪੜਤਾਲ ਰਿਪੋਰਟ ਦੇ ਆਧਾਰ ਤੇ ਸ਼੍ਰੀਮਤੀ ਜਸਪਾਲ ਕੌਰ, ਕਲਰਕ ਵਿਰੁੱਧ ਦਫਤਰੀ ਮੀਮੋਂ ਨੰ:(884)-ਪਸਸਬ-ਅ.ਕ.ਸੈਲ-ਅਮਲਾ-2019/460 ਮਿਤੀ:21-02-2019 ਰਾਹੀਂ ਕਾਰਨ ਦੱਸੋ ਨੋਟਿਸ ਜਾਰੀ ਕੀਤਾ ਗਿਆ ਪਰ ਉਸ ਵੱਲੋਂ ਕੋਈ ਉੱਤਰ ਪ੍ਰਾਪਤ ਨਹੀਂ ਹੋਇਆ। ਇਸ ਲਈ ਸਬੰਧਤ ਨੂੰ ਆਪਣਾ ਪੱਖ ਨਿੱਜੀ ਤੌਰ ਤੇ ਪੇਸ਼ ਕਰਨ ਲਈ ਮਿਤੀ:28-05-2019 ਨੂੰ 03:30 ਵਜੇ ਸੁਣਵਾਈ ਲਈ ਬੁਲਾਇਆ ਗਿਆ ਪਰ ਸਬੰਧਤ ਕਰਮਚਾਰਨ ਮਿਥੀ ਮਿਤੀ ਅਤੇ ਸਮੇਂ ਅਨੁਸਾਰ ਹਾਜ਼ਰ ਨਹੀਂ ਹੋਈ।

ਇਸ ਲਈ ਸ਼੍ਰੀਮਤੀ ਜਸਪਾਲ ਕੌਰ, ਕਲਰਕ, ਲੇਖਾ ਸ਼ਾਖਾ ਨੂੰ ਅੰਤਿਮ ਮੌਕਾ ਦਿੱਤੇ ਹੋਏ ਮਿਤੀ: 26-07-2019 ਨੂੰ ਬਾਅਦ ਦੁਪਹਿਰ 4.00 ਵਜੇ ਨਿੱਜੀ ਸੁਣਵਾਈ ਲਈ ਸਮਾਂ ਦਿੱਤਾ ਗਿਆ। ਇਸ ਸਬੰਧੀ ਸਬੰਧਤ ਨੂੰ ਸੂਚਿਤ ਕਰਨ ਲਈ ਵੱਖ-ਵੱਖ ਅਖਬਾਰਾਂ ਵਿੱਚ ਮਿਤੀ:16-07-2019 ਨੂੰ ਪਬਲਿਕ ਨੋਟਿਸ ਦਿੱਤਾ ਗਿਆ ਪ੍ਰੰਤੂ ਫਿਰ ਵੀ ਸਬੰਧਤ ਕਰਮਚਾਰਣ ਮਿਥੀ ਮਿਤੀ ਅਤੇ ਸਮੇਂ ਅਨੁਸਾਰ ਹਾਜ਼ਰ ਨਹੀਂ ਹੋਈ।

ਸ਼੍ਰੀਮਤੀ ਜਸਪਾਲ ਕੌਰ, ਕਲਰਕ, ਲੇਖਾ ਸ਼ਾਖਾ ਦੇ ਮਿਤੀ:26-03-2018 ਤੋਂ ਲਗਾਤਾਰ ਦਫਤਰ ਤੋਂ ਗੈਰਹਾਜ਼ਰ ਰਹਿਣ ਕਾਰਨ ਮਿਤੀ:16-10-2018 ਨੂੰ ਸਬੰਧਤ ਵਿਰੁੱਧ ਦੋਸ਼ ਸੂਚੀ ਜਾਰੀ ਕੀਤੀ ਗਈ। ਜਿਸ ਦਾ ਯਾਦ ਪੱਤਰ ਜਾਰੀ ਕੀਤੇ ਜਾਣ ਉਪਰੰਤ ਵੀ ਸਬੰਧਤ ਵੱਲੋਂ ਕੋਈ ਉੱਤਰ ਪ੍ਰਾਪਤ ਨਹੀਂ ਹੋਇਆ। ਸਬੰਧਤ ਵਿਰੁੱਧ ਜਾਰੀ ਕੀਤੀ ਗਈ ਦੋਸ਼ ਸੂਚੀ ਦਫਤਰ ਵਿੱਚ ਮੌਜੂਦ ਉਸ ਦੇ ਘਰ ਦੇ ਪਤੇ ਤੇ ਰਜਿਸਟਰਡ ਡਾਕ ਰਾਹੀਂ ਭੇਜੀ ਗਈ ਸੀ, ਜੋਕਿ ਅਣਵੰਡੀ ਦਫਤਰ ਵਿੱਚ ਪ੍ਰਾਪਤ ਹੋਈ।

ਇਸ ਲਈ ਦੋਸ਼ ਸੂਚੀ ਵਿੱਚ ਲਗਾਏ ਦੋਸ਼ਾਂ ਦੀ ਵਿਭਾਗੀ ਪੜਤਾਲ ਮਿਤੀ:06-12-2018 ਦੇ ਹੁਕਮਾਂ ਰਾਹੀਂ ਕਰਵਾਈ ਗਈ। ਪੜਤਾਲ ਅਫਸਰ ਵੱਲੋਂ ਪੇਸ਼ ਕੀਤੀ ਪੜਤਾਲ ਰਿਪੋਰਟ ਅਨੁਸਾਰ ਸਬੰਧਤ ਨੂੰ ਆਪਣਾ ਪੱਖ ਪੇਸ਼ ਕਰਨ ਲਈ ਹਰ ਸੰਭਵ ਮੌਕਾ ਦਿੱਤਾ ਗਿਆ ਪ੍ਰੰਤੂ ਸਬੰਧਤ ਕਰਮਚਾਰਣ ਪੜਤਾਲ ਵਿੱਚ ਹਾਜ਼ਰ ਨਹੀਂ ਹੋਏ। ਇਸ ਲਈ

ਪੜਤਾਲ ਅਫਸਰ ਵੱਲੋਂ ਇੱਕ ਤਰਫਾ ਕਾਰਵਾਈ ਕਰਦੇ ਹੋਏ ਦੋਸ਼ ਸੂਚੀ ਅਨੁਸਾਰ ਲਗਾਏ ਗਏ ਸਮੂਹ ਦੋਸ਼ਾਂ ਨੂੰ ਸਿੱਧ ਕੀਤੇ ਗਏ।

ਵਿਭਾਗੀ ਪੜਤਾਲ ਰਿਪੋਰਟ ਦੇ ਆਧਾਰ ਤੇ ਸਬੰਧਤ ਵਿਰੁੱਧ ਮਿਤੀ:22-02-2019 ਨੂੰ ਕਾਰਨ ਦੱਸੋ ਨੋਟਿਸ ਜਾਰੀ ਕੀਤਾ ਗਿਆ ਪਰ ਉਸ ਵੱਲੋਂ ਕੋਈ ਉੱਤਰ ਪ੍ਰਾਪਤ ਨਹੀਂ ਹੋਇਆ। ਜਿਸ ਕਰਕੇ ਸ਼੍ਰੀਮਤੀ ਜਸਪਾਲ ਕੌਰ ਨੂੰ ਆਪਣਾ ਪੱਖ ਨਿੱਜੀ ਤੌਰ ਤੇ ਪੇਸ਼ ਕਰਨ ਲਈ ਮਿਤੀ:28-05-2019 ਨੂੰ ਨਿੱਜੀ ਸੁਣਵਾਈ ਲਈ ਬੁਲਾਇਆ ਗਿਆ ਪਰ ਸਬੰਧਤ ਕਰਮਚਾਰਣ ਮਿਥੀ ਮਿਤੀ ਅਨੁਸਾਰ ਹਾਜ਼ਰ ਨਹੀਂ ਹੋਈ। ਇਸ ਲਈ ਸਬੰਧਤ ਨੂੰ ਅੰਤਿਮ ਮੌਕਾ ਦਿੰਦੇ ਹੋਏ ਮਿਤੀ:26-07-2019 ਨੂੰ ਨਿੱਜੀ ਸੁਣਵਾਈ ਲਈ ਸਮਾਂ ਦਿੱਤਾ ਗਿਆ ਅਤੇ ਇਸ ਸਬੰਧੀ ਵੱਖ-ਵੱਖ ਅਖਬਾਰਾਂ ਵਿੱਚ ਮਿਤੀ:16-07-2019 ਨੂੰ ਪਬਲਿਕ ਨੋਟਿਸ ਦਿੱਤਾ ਗਿਆ ਪ੍ਰੰਤੂ ਸਬੰਧਤ ਕਰਮਚਾਰਣ ਫਿਰ ਵੀ ਹਾਜ਼ਰ ਨਹੀਂ ਹੋਈ।

ਸ਼੍ਰੀਮਤੀ ਜਸਪਾਲ ਕੌਰ, ਕਲਰਕ, ਲੇਖਾ ਸ਼ਾਖਾ ਬਿਨ੍ਹਾਂ ਛੁੱਟੀ ਪ੍ਰਵਾਨ ਕਰਵਾਏ ਅਣ-ਅਧਿਕਾਰਤ ਤੌਰ ਤੇ ਦਫਤਰ ਤੋਂ ਲਗਾਤਾਰ ਗੈਰਹਾਜ਼ਰ ਰਹੀ ਅਤੇ ਉਸ ਵੱਲੋਂ ਦਫਤਰੀ ਪੱਤਰਾਂ ਦਾ ਕੋਈ ਉੱਤਰ ਪੇਸ਼ ਨਹੀਂ ਕੀਤਾ ਗਿਆ। ਉਸ ਨੂੰ ਆਪਣਾ ਪੱਖ ਪੇਸ਼ ਕਰਨ ਲਈ ਹਰ ਸੰਭਵ ਮੌਕਾ ਦਿੱਤਾ ਗਿਆ ਪ੍ਰੰਤੂ ਉਹ ਹਾਜ਼ਰ ਨਹੀਂ ਹੋਈ। ਜਿਸ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਉਸ ਦੀ ਬੋਰਡ ਦੀ ਨੌਕਰੀ ਕਰਨ ਵਿੱਚ ਦਿਲਚਸਪੀ ਨਹੀਂ ਹੈ।

ਇਸ ਲਈ ਕੇਸ ਦੇ ਸਮੂਹ ਪਹਿਲੂਆਂ ਤੇ ਵਿਚਾਰ ਕਰਦੇ ਹੋਏ ਪੰਜਾਬ ਸਕੂਲ ਸਿੱਖਿਆ ਬੋਰਡ ਕਰਮਚਾਰੀ (ਸਜ਼ਾ ਤੇ ਅਪੀਲ) ਵਿਨਿਯਮ-1978 ਦੇ ਨਿਯਮ-5 (VIII), ਜਿਹੜਾ ਨਿਯਮ-6 ਨਾਲ ਪੜ੍ਹਿਆ ਜਾਵੇ, ਅਧੀਨ ਸ਼੍ਰੀਮਤੀ ਜਸਪਾਲ ਕੌਰ ਪੁੱਤਰੀ ਸ਼੍ਰੀ ਹਰਨੇਕ ਸਿੰਘ, ਕਲਰਕ, ਲੇਖਾ ਸ਼ਾਖਾ ਨੂੰ ਬੋਰਡ ਦੀਆਂ ਸੇਵਾਵਾਂ ਤੋਂ ਤੁਰੰਤ ਬਰਤਰਫ (Remove) ਕੀਤਾ ਜਾਂਦਾ ਹੈ।

ਮਿਤੀ: ਸਾਹਿਬਜ਼ਾਦਾ ਅਜੀਤ ਸਿੰਘ ਨਗਰ: 05-08-2019

ਸਕੱਤਰ,
ਪੰਜਾਬ ਸਕੂਲ ਸਿੱਖਿਆ ਬੋਰਡ।

ਨੰ:(884) ਪਸਸਬ-ਅਕ.ਸੈਲੂੱ-ਅਮਲਾ-2019/1845 ਮਿਤੀ:ਸਾਹਿਬਜ਼ਾਦਾ ਅਜੀਤ ਸਿੰਘ ਨਗਰ:13/8/2019

ਉਪਰੋਕਤ ਦਾ ਉਤਾਰਾ ਨਿਮਨਲਿਖਤ ਨੂੰ ਸੂਚਨਾ ਤੇ ਯੋਗ ਕਾਰਵਾਈ ਲਈ ਭੇਜਿਆ ਜਾਂਦਾ ਹੈ:-

1) ਚੇਅਰਮੈਨ ਜੀ ਦੇ ਸਕੱਤਰ, ਵਾਈਸ ਚੇਅਰਮੈਨ ਜੀ ਦੇ ਸੀਨੀਅਰ ਸਕੇਲ ਸਟੈਨੋਗ੍ਰਾਫਰ, ਸਕੱਤਰ ਜੀ ਦੇ ਨਿੱਜੀ ਸਕੱਤਰ, ਚੇਅਰਮੈਨ, ਵਾਈਸ ਚੇਅਰਮੈਨ ਅਤੇ ਸਕੱਤਰ ਜੀ ਦੀ ਸੂਚਨਾਂ ਹਿੱਤ;
2) ਡਿਪਟੀ ਕੰਟਰੋਲਰ (ਲੋਕਲ ਆਡਿਟ);
3) ਸੰਯੁਕਤ ਸਕੱਤਰ (ਜ);
4) ਉੱਪ ਸਕੱਤਰ/ਸਹਾਇਕ ਸਕੱਤਰ (ਅਮਲਾ, ਲੇਖਾ ਸ਼ਾਖਾ);
5) ਸੁਪਰਡੰਟ ਅਮਲਾ-2, ਅਸ-6;
6) ਸੁਪਰਡੰਟ, ਲੇਖਾ ਸ਼ਾਖਾ (ਸੈਲਰੀ/ਸੇਵਾ ਪੱਤਰੀ/ਕਰਜ਼ੇ/ਪੈਨਸ਼ਨ/ਪ੍ਰੋਵੀਡੰਟ ਫੰਡ/ਐਨ.ਪੀ.ਐਸ.);
7) ਸ਼੍ਰੀਮਤੀ ਜਸਪਾਲ ਕੌਰ ਪੁੱਤਰੀ ਸ਼੍ਰੀ ਹਰਨੇਕ ਸਿੰਘ, ਕਲਰਕ, ਲੇਖਾ ਸ਼ਾਖਾ, (ਮਕਾਨ ਨੰ:1142, ਪਿੰਡ ਖਾਨਪੁਰ, ਖਰੜ, ਸਾਹਿਬਜ਼ਾਦਾ ਅਜੀਤ ਸਿੰਘ ਨਗਰ) (ਰਜਿਸਟਰਡ);
8) ਰਿਕਾਰਡਰ ਅਮਲਾ ਸ਼ਾਖਾ;

ਪੰਜਾਬ ਸਕੂਲ ਸਿੱਖਿਆ ਬੋਰਡ।

13/8/19

ਸੁਪਰਡੰਟ(ਅਮਲਾ-4/ਮੀਟਿੰਗਜ਼),
ਵਾ: ਸਕੱਤਰ, ਪੰਜਾਬ ਸਕੂਲ ਸਿੱਖਿਆ ਬੋਰਡ।

8/8/19